# ਵਿਕਟੋਰੀਆ ਦੀ ਸਿੰਗਲ ਯੂਜ਼ (ਇੱਕ-ਵਾਰ ਵਰਤੋਂ ਵਾਲੇ) ਪਲਾਸਟਿਕ ‘ਤੇ ਪਾਬੰਦੀ

Punjabi | ਪੰਜਾਬੀ



## ਪਲਾਸਟਿਕ ਪ੍ਰਦੂਸ਼ਣ ਸਾਡੇ ਵਾਤਾਵਰਨ ਅਤੇ ਜੰਗਲੀ ਜੀਵਨ ਨੂੰ ਨੁਕਸਾਨ ਪਹੁੰਚਾਉਂਦਾ ਹੈ

ਇੱਕ-ਵਾਰ ਵਰਤੋਂ ਵਾਲਾ ਪਲਾਸਟਿਕ ਉਸ ਕੂੜੇ ਦਾ ਇੱਕ ਤਿਹਾਈ ਹਿੱਸਾ ਬੰਦਾ ਹੈ ਜੋ ਅਸੀਂ ਆਪਣੇ ਵਾਤਾਵਰਣ ਵਿੱਚ ਦੇਖਦੇ ਹਾਂ ਅਤੇ ਇਸਨੂੰ ਸਾਫ਼ ਕਰਨਾ ਮੁਸ਼ਕਲ ਅਤੇ ਮਹਿੰਗਾ ਹੁੰਦਾ ਹੈ।

ਉਹ ਅਕਸਰ ਸਿਰਫ਼ ਕੁੱਝ ਕੁ ਮਿੰਟਾਂ ਲਈ ਵਰਤੇ ਜਾਂਦੇ ਹਨ ਅਤੇ ਵੱਡੀ ਮਾਤਰਾ ਵਿੱਚ ਕੂੜਾ ਪੈਦਾ ਕਰਦੇ ਹਨ ਜਿਸਨੂੰ ਰੀਸਾਈਕਲ ਕਰਨਾ ਮੁਸ਼ਕਲ ਹੁੰਦਾ ਹੈ। ਇਹ ਸਾਡੇ ਵਾਤਾਵਰਣ ਨੂੰ ਉਸੇ ਤਰ੍ਹਾਂ ਪ੍ਰਦੂਸ਼ਿਤ ਕਰ ਸਕਦਾ ਹੈ ਜਿਵੇਂ ਹੋਰ ਰਵਾਇਤੀ ਪਲਾਸਟਿਕ ਦੀਆਂ ਚੀਜ਼ਾਂ ਕਰਦੀਆਂ ਹਨ।

ਖ਼ਾਦ ਬਣਨ ਯੋਗ ਅਤੇ ਗਲਣ-ਸੜ੍ਹਨ ਯੋਗ ਪਲਾਸਟਿਕ ਨੂੰ ਅਕਸਰ ਵਿਸ਼ੇਸ਼ ਤਰੀਕੇ ਨਾਲ ਨਿਪਟਾਏ ਜਾਣ ਦੀ ਲੋੜ ਹੁੰਦੀ ਹੈ। ਜਦੋਂ ਕੂੜੇ ਦੇ ਰੂਪ ਵਿੱਚ ਸੁੱਟੇ ਜਾਂਦੇ ਹਨ ਤਾਂ ਪਲਾਸਟਿਕ ਦੇ ਸਾਰੇ ਰੂਪ ਵਾਤਾਵਰਣ ਲਈ ਹਾਨੀਕਾਰਨ ਹੋ ਸਕਦੇ ਹਨ।

## ਕੁੱਝ ਇੱਕ-ਵਾਰ ਵਰਤੋਂ ਵਾਲੇ ਪਲਾਸਟਿਕ ਹੁਣ ਪਾਬੰਦੀਸ਼ੁਦਾ ਹਨ

ਵਿਕਟੋਰੀਆ ਵਿੱਚ ਹੇਠ ਲਿਖੀਆਂ ਇੱਕ-ਵਾਰ ਵਰਤੋਂ ਵਾਲੀਆਂ ਪਲਾਸਟਿਕ ਦੀਆਂ ਚੀਜ਼ਾਂ ਦੀ ਵਿਕਰੀ ਜਾਂ ਸਪਲਾਈ ‘ਤੇ ਪਾਬੰਦੀ ਹੈ:

- ✕ **ਡਰਿੰਕ ਪੀਣ ਵਾਲੀਆਂ ਪਾਈਪਾਂ**
- ✕ **ਕਟਲਰੀ** ਚਾਕੂ, ਕਾਂਟੇ, ਚਮਚੇ, ਚੋਪਸਟਿਕਸ, ਸਪੋਰਕਸ, ਸਪਲੇਡਸ, ਫੂਡ ਪਿਕਸ ਅਤੇ ਸਪੋਰਕਸ ਸਮੇਤ
- ✕ **ਪਲੇਟਾਂ**
- ✕ **ਡਰਿੰਕ ਘੋਲਣ ਵਾਲੇ ਡੱਕੇ**
- ✕ **ਰੂੰ ਦੇ ਫ਼ੰਬੇ ਵਾਲੇ ਡੱਕੇ**
- ✕ **ਫ਼ੈਲਣ ਯੋਗ ਪੋਲੀਸਟੀਰੀਨ ਭੋਜਨ ਪਰੋਸਣ ਵਾਲੀਆਂ ਚੀਜ਼ਾਂ ਅਤੇ ਡਰਿੰਕ ਪੀਣ ਵਾਲੇ ਕੰਟੇਨਰ** ਸ਼ਾਮਲ ਹਨ:
  - ਪਲੇਟਾਂ
  - ਕੱਪ
  - ਕਟੋਰੇ
  - ਕਲੈਮ ਸ਼ੈੱਲ ਡੱਬੇ
  - ਢੱਕਣ ਜਾਂ ਲਿੱਡ।

ਇੱਕ ਪਾਬੰਦੀਸ਼ੁਦਾ ਇੱਕ-ਵਾਰ ਵਰਤੋਂ ਵਾਲੀ ਪਲਾਸਟਿਕ ਦੀ ਚੀਜ਼ ਉਹ ਹੁੰਦੀ ਹੈ ਜੋ ਪੂਰੀ ਤਰ੍ਹਾਂ ਜਾਂ ਜਿਸਦਾ ਕੁੱਝ ਹਿੱਸਾ ਪਲਾਸਟਿਕ ਦਾ ਬਣਿਆ ਹੋਇਆ ਹੈ ਅਤੇ ਮੁੜ ਵਰਤੋਂ ਯੋਗ ਨਹੀਂ ਹੈ।

ਇਹ ਪਾਬੰਦੀ ਜੈਵ-ਵਿਘਟਤ, ਗਲਣ-ਸੜ੍ਹਨ ਅਤੇ ਖ਼ਾਦ ਬਣਨ ਯੋਗ ਪਲਾਸਟਿਕ ‘ਤੇ ਲਾਗੂ ਹੁੰਦੀ ਹੈ।

ਮੁੜਵਰਤੋਂ ਯੋਗ ਵਸਤੂਆਂ ਉਹ ਹੁੰਦੀਆਂ ਹਨ ਜੋ ਇੱਕੋ ਕੰਮ ਲਈ ਕਈ ਮੌਕਿਆਂ ‘ਤੇ ਵਰਤੇ ਜਾਣ ਲਈ ਬਣਾਈਆਂ ਜਾਂਦੀਆਂ ਹਨ ਅਤੇ ਵਾਰੰਟੀ, ਜਾਂ ਨਿਰਮਾਤਾ ਤੋਂ ਹੋਰ ਲਿਖਤੀ ਪ੍ਰਤੀਨਿਧਤਾ ਨਾਲ ਆਉਂਦੀਆਂ ਹਨ, ਕਿ ਉਹ ਘੱਟੋ-ਘੱਟ ਇੱਕ ਸਾਲ ਤੱਕ ਚੱਲਣ ਲਈ ਤਿਆਰ ਕੀਤੀਆਂ ਜਾਂਦੀਆਂ ਹਨ।

ਕਿਸੇ ਵਿਅਕਤੀ ਲਈ ਇੱਕ-ਵਾਰ ਵਰਤੋਂ ਵਾਲੇ ਪਲਾਸਟਿਕ ਸਟ੍ਰਾਅ ਨੂੰ ਵੇਚਣ, ਸਪਲਾਈ ਕਰਨ, ਵੰਡਣ ਜਾਂ ਪ੍ਰਦਾਨ ਕਰਨਾ ਉਦੋਂ ਕੋਈ ਜੁਰਮ ਨਹੀਂ ਹੈ ਜੇਕਰ ਉਹ ਇਸਨੂੰ ਮੁਹੱਈਆ ਕਰਨਾ ਬੇਨਤੀ ਕਰਨ ਵਾਲੇ ਵਿਅਕਤੀ, ਜਾਂ ਕਿਸੇ ਵਿਅਕਤੀ/ਉਨ੍ਹਾਂ ਦੀ ਤਰਫੋਂ ਕੰਮ ਕਰਨ ਵਾਲੀ ਸੰਸਥਾ, ਨੂੰ ਅਪਾਹਜਤਾ ਜਾਂ ਡਾਕਟਰੀ ਲੋੜ ਕਾਰਨ ਲੋੜੀਂਦਾ ਮੰਨਦੇ ਹਨ।

ਹੋਰ ਜਾਣਕਾਰੀ ਲਈ, **ਵਾਤਾਵਰਣ ਸੁਰੱਖਿਆ ਨਿਯਮਾਂ 2021** ਦਾ ਭਾਗ 5.5 ਦੇਖੋ।

EPA VICTORIA

VICTORIA State Government

epa.vic.gov.au/plastics

## ਇਸ ਪਾਬੰਦੀ ਤੋਂ ਕੁੱਝ ਛੋਟਾਂ ਉਪਲਬਧ ਹਨ

ਇਸ ਪਾਬੰਦੀ ਤੋਂ ਮਿਲੀਆਂ ਛੋਟਾਂ ਖ਼ਾਸ ਸਿਹਤ ਅਤੇ ਸੁਰੱਖਿਆ ਕਾਰਨਾਂ ਲਈ ਹਨ, ਜਾਂ ਜੇਕਰ ਹੋਰ ਕੋਈ ਵਿਕਲਪ ਉਪਲਬਧ ਨਹੀਂ ਹਨ।

ਇੱਕ-ਵਾਰ ਵਰਤੋਂ ਵਾਲੇ ਪਲਾਸਟਿਕ ਚੀਜ਼ਾਂ ਦੀ ਵਰਤੋਂ ਕਰਨ ਲਈ 4 ਛੋਟਾਂ ਉਪਲਬਧ ਹਨ:

- ✓ **ਵਿਗਿਆਨਕ, ਮੈਡੀਕਲ, ਫੋਰੈਂਸਿਕ** ਜਾਂ ਕਾਨੂੰਨ ਲਾਗੂ ਕਰਨ ਦੇ ਉਦੇਸ਼ਾਂ ਲਈ ਕੀਤੇ ਜਾਂਦੇ ਟੈਸਟਾਂ ਲਈ ਰੂੰ ਦੇ ਫੰਬੇ ਦੇ ਡੱਕੇ
- ✓ **ਕਟਲਰੀ, ਜਿੱਥੇ ਲੋੜ ਹੋਵੇ, ਸਰੀਰਕ ਨੁਕਸਾਨ ਜਾਂ ਸੱਟ ਨੂੰ ਰੋਕਣ ਲਈ** ਜੇਲ ਸੁਧਾਰ ਘਰਾਂ ਅਤੇ ਮਾਨਸਿਕ ਸਿਹਤ ਸਹੂਲਤਾਂ ਵਿੱਚ
- ✓ 1 ਨਵੰਬਰ 2024 ਤੱਕ **ਪਲਾਸਟਿਕ ਦੀ ਪਰਤ ਚੜ੍ਹੇ ਕਾਗਜ਼ ਜਾਂ ਗੱਤੇ ਦੀਆਂ ਪਲੇਟਾਂ**
- ✓ 1 ਜਨਵਰੀ 2026 ਤੱਕ **ਮਸ਼ੀਨ ਦੀ ਆਟੋਮੈਟਿਕ ਪ੍ਰਕਿਰਿਆ ਦੁਆਰਾ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਦੀ ਡੱਬਾਬੰਦੀ ਵਿੱਚ ਏਕੀਕ੍ਰਿਤ ਕੋਈ ਵੀ ਇੱਕ-ਵਾਰ ਵਰਤੋਂ ਵਾਲੇ ਵਾਲੀ ਪਲਾਸਟਿਕ ਚੀਜ਼**। ਉਦਾਹਰਨ ਲਈ, ਦਹੀਂ ਦੇ ਟੱਬ ਵਿੱਚ ਇੱਕ-ਵਾਰ ਵਰਤੋਂ ਵਾਲੇ ਪਲਾਸਟਿਕ ਦਾ ਚਮਚਾ ਸ਼ਾਮਲ ਹੈ।

ਤੁਸੀਂ ਆਪਣੇ ਸਪਲਾਇਰ ਨੂੰ ਲਿਖਤੀ ਬਿਆਨ ਦੇਣਾ ਚਾਹ ਸਕਦੇ ਹੋ ਕਿ ਤੁਸੀਂ ਨਿਯਮਾਂ ਦੇ ਅਨੁਸਾਰ ਚੀਜ਼ਾਂ ਦੀ ਵਰਤੋਂ ਕਰ ਰਹੇ ਹੋ।

## ਤੁਹਾਨੂੰ ਕੀ ਕਰਨ ਦੀ ਲੋੜ ਹੈ

ਇਹ ਪਾਬੰਦੀ ਸਾਰੇ ਕਾਰੋਬਾਰਾਂ ਅਤੇ ਸੰਸਥਾਵਾਂ 'ਤੇ ਲਾਗੂ ਹੁੰਦੀ ਹੈ ਜਿਸ ਵਿੱਚ ਸ਼ਾਮਲ ਹਨ:

- **ਗ਼ੈਰ-ਲਾਭਕਾਰੀ ਸੰਸਥਾਵਾਂ**
- **ਸਪੋਰਟਸ ਕਲੱਬ**
- **ਸਕੂਲ**
- **ਹੋਰ ਸੰਗਠਿਤ ਸੰਸਥਾਵਾਂ**
- **ਰੈਸਟੋਰੈਂਟ, ਕੈਫ਼ੇ ਅਤੇ ਹੋਰ ਫੂਡ ਆਉਟਲੇਟ**
- **ਸੁਵਿਧਾ ਸਟੋਰ।**

ਉੱਪਰ ਸੂਚੀਬੱਧ ਛੋਟਾਂ ਨੂੰ ਛੱਡ ਕੇ, ਇਹ ਕਰਨਾ ਕਾਨੂੰਨ ਦੇ ਵਿਰੁੱਧ ਹੈ:

- ਵਿਕਟੋਰੀਆ ਵਿੱਚ ਪਾਬੰਦੀਸ਼ੁਦਾ ਇੱਕ-ਵਾਰ ਵਰਤੋਂ ਵਾਲੇ ਪਲਾਸਟਿਕ ਦੀਆਂ ਵਸਤੂਆਂ ਨੂੰ ਵੇਚਣਾ, ਸਪਲਾਈ ਕਰਨਾ, ਵੰਡਣਾ ਜਾਂ ਮੁੱਹਈਆ ਕਰਨਾ।
- ਪਾਬੰਦੀਸ਼ੁਦਾ ਵਸਤੂਆਂ ਦੇ ਬਣੇ ਹੋਣ ਬਾਰੇ ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਨਾ।

ਜੇਕਰ ਤੁਹਾਡੇ ਕੋਲ 1 ਫਰਵਰੀ 2023 ਤੋਂ ਪਹਿਲਾਂ ਖ਼ਰੀਦੀਆਂ ਗਈਆਂ ਪਾਬੰਦੀਸ਼ੁਦਾ ਚੀਜ਼ਾਂ ਦਾ ਬਚਿਆ ਹੋਇਆ ਭੰਡਾਰ ਹੈ, ਤਾਂ ਤੁਸੀਂ ਇਹ ਕਰ ਸਕਦੇ ਹੋ:

- ਆਪਣੇ ਸਪਲਾਇਰ ਨਾਲ ਸੰਪਰਕ ਕਰ ਸਕਦੇ ਹੋ ਕਿ ਕੀ ਉਹ ਢੁੱਕਵੇਂ ਉਤਪਾਦਾਂ ਨੂੰ ਬਦਲ ਸਕਦੇ ਹਨ ਜਾਂ ਕ੍ਰੈਡਿਟ ਦੇ ਸਕਦੇ ਹਨ
- ਕਿਸੇ ਸਥਾਨਕ ਰੀਸਾਈਕਲਰ ਨਾਲ ਇਹ ਪਤਾ ਕਰਨ ਲਈ ਸੰਪਰਕ ਕਰ ਸਕਦੇ ਹੋ ਕਿ ਕੀ ਉਹ ਵੱਡੀ ਮਾਤਰਾ ਰੀਸਾਈਕਲ ਕਰ ਸਕਦੇ ਹਨ।

ਤੁਸੀਂ ਇਹਨਾਂ ਚੀਜ਼ਾਂ ਨੂੰ ਰੀਸਾਈਕਲਿੰਗ ਬਿਨ ਵਿੱਚ ਨਹੀਂ ਪਾ ਸਕਦੇ ਹੋ।

ਅਸੀਂ ਕਾਰੋਬਾਰਾਂ ਨੂੰ ਇਸ ਪਾਬੰਦੀ ਨੂੰ ਸਮਝਣ ਵਿੱਚ ਉਹਨਾਂ ਦੀ ਮੱਦਦ ਕਰਨ ਲਈ ਮਿਲਕੇ ਕੰਮ ਕਰ ਰਹੇ ਹਾਂ। ਅਸੀਂ ਪਹਿਲਾਂ ਹੀ ਵਿਕਟੋਰੀਆ ਵਿੱਚ 6,500 ਤੋਂ ਵੱਧ ਪ੍ਰਚੂਨ ਅਤੇ ਪਰਾਹੁਣਚਾਰੀ ਕਾਰੋਬਾਰਾਂ ਨੂੰ ਮਿਲ ਚੁੱਕੇ ਹਾਂ।

ਅਸੀਂ ਆਪਣੀਆਂ ਕੋਸ਼ਿਸ਼ਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਕਾਨੂੰਨ-ਪਾਲਣਾ ਲਈ ਇੱਕ ਵਧਦੀ ਪਹੁੰਚ ਅਪਣਾਉਂਦੇ ਹਾਂ, ਜਿੱਥੇ ਅਸੀਂ ਸਭ ਤੋਂ ਵੱਡਾ ਫ਼ਰਕ ਲਿਆ ਸਕਦੇ ਹਾਂ। ਜਦੋਂ ਅਸੀਂ ਆਪਣੇ ਰੈਗੂਲੇਟਰੀ ਟੂਲ ਦੀ ਵਰਤੋਂ ਕਰਦੇ ਹਾਂ, ਅਸੀਂ ਯਕੀਨੀ ਬਣਾਉਂਦੇ ਹਾਂ ਕਿ ਉਹ ਸਮੱਸਿਆ ਅਤੇ ਲੋੜੀਂਦੇ ਨਤੀਜਿਆਂ 'ਤੇ ਕੇਂਦ੍ਰਿਤ ਹਨ।

ਹੋਰ ਜਾਣਕਾਰੀ ਲਈ, ਸਾਡੀ ਪਾਲਣਾ ਅਤੇ ਲਾਗੂਕਰਨ ਨੀਤੀ ਦੇਖੋ।

ਜੇਕਰ ਤੁਸੀਂ ਇਸ ਪਾਬੰਦੀ ਦੀ ਪਾਲਣਾ ਨਹੀਂ ਕਰਦੇ ਹੋ, ਤਾਂ ਤੁਹਾਨੂੰ ਇੱਕ ਇੱਕਲੇ ਵਿਅਕਤੀ ਦੇ ਵਜੋਂ $11,095.20 ਜਾਂ ਬਾਡੀ ਕਾਰਪੋਰੇਟਸ ਲਈ $55,476 ਤੱਕ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਹ ਪਾਬੰਦੀ ਰਾਜਾਂ ਵਿਚਕਾਰ ਵੱਖੋ-ਵੱਖਰੀ ਹੈ। ਵਿਕਟੋਰੀਆਈ ਕਾਨੂੰਨ ਨੂੰ ਸਮਝਣਾ ਅਤੇ ਪਾਲਣਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ। ਜੇਕਰ ਤੁਹਾਡਾ ਕਾਰੋਬਾਰ ਵਿਕਟੋਰੀਆ ਤੋਂ ਬਾਹਰ ਵੀ ਚੱਲਦਾ ਹੈ, ਤਾਂ ਹਰੇਕ ਰਾਜ ਦੇ ਕਾਨੂੰਨਾਂ ਦਾ ਪਤਾ ਕਰੋ।